# ਪਾਸਪੋਰਟ ਬਣਵਾਉਣ/ ਰੀਨਿਊ ਕਰਵਾਉਣ ਸਬੰਧੀ ਦਸਤਾਵੇਜ਼

1. ਪ੍ਰਤੀਬੇਨਤੀ
2. ਸਵੈ-ਘੋਸ਼ਣਾ ਪੱਤਰ ਸਮੇਤ 01 ਫੋਟੋ
3. ਹਲਫੀਆ ਬਿਆਨ
4. ਪੁਰਾਣੇ ਪਾਸਪੋਰਟ ਦੇ ਸਾਰੇ ਪੰਨਿਆਂ ਦੀ ਕਾਪੀ (ਸਵੈ-ਤਸਦੀਕਸ਼ੁਦਾ, ਜੇਕਰ ਪਾਸਪੋਰਟ ਰੀਨਿਊ ਕਰਵਾਉਣਾ ਹੋਵੇ)
5. ਤਿੰਨ ਪਾਸਪੋਰਟ ਸਾਈਜ਼ ਫੋਟੋਆਂ
6. ਦਫਤਰੀ ਸ਼ਨਾਖਤੀ ਕਾਰਡ ਦੀ ਕਾਪੀ (ਸਵੈ-ਤਸਦੀਕਸ਼ੁਦਾ)
7. ਜੇਕਰ ਕਿਸੇ ਇਸਤਰੀ ਕਰਮਚਾਰਣ ਨੇ ਪਤੀ ਦਾ ਨਾਂ ਦਰਜ ਕਰਵਾਉਣਾ ਹੋਵੇ ਤਾਂ ਸਬੂਤ ਵਜੋਂ ਦਸਤਾਵੇਜ਼ ਨੱਥੀ ਕੀਤੇ ਜਾਣ। (ਸਵੈ-ਤਸਦੀਕਸ਼ੁਦਾ)

Visa NOC

## ਸਵੈ ਘੋਸ਼ਣਾ ਪੱਤਰ

ਮੈਂ ....................... ਪੁੱਤਰ/ ਪੁੱਤਰੀ ਸ਼੍ਰੀ............................

ਉਮਰ..................ਸਾਲ............. ਵਾਸੀ..........................................................

ਜਿਲ੍ਹਾ .................... ਪੰਜਾਬ, ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਅਤੇ ਨੱਥੀ ਦਸਤਾਂਵੇਜ਼ਾਂ ਵਿੱਚ ਦਿੱਤੀ ਗਈ ਸੂਚਨਾ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਦਰੁਸਤ ਹੈ ਅਤੇ ਇਸ ਵਿੱਚ ਕੁਝ ਵੀ ਨਹੀਂ ਛੁਪਾਇਆ ਗਿਆ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਜੇਕਰ ਮੇਰੇ ਦੁਆਰਾ ਦਿੱਤੀ ਗਈ ਸੂਚਨਾ ਝੂਠੀ ਸਾਬਤ ਹੁੰਦੀ ਹੈ ਤਾਂ ਮੈਂ ਕਾਨੂੰਨ ਅਧੀਨ ਸਜ਼ਾਂ ਦਾ ਭਾਗੀਦਾਰ ਹੋਵਾਂਗਾ/ਹੋਵਾਂਗੀ ਅਤੇ ਅਜਿਹੀ ਝੂਠੀ ਸੂਚਨਾ ਦੇ ਆਧਾਰ ਤੇ ਮੈਨੂੰ ਮਿਲੇ ਲਾਭ ਸਰਸਰੀ ਤੌਰ ਤੇ (Similarly) ਖਤਮ ਹੋ ਜਾਣਗੇ।

(ਕਰਮਚਾਰੀ /ਅਧਿਕਾਰੀ ਦੇ ਹਸਤਾਖਰ)

# ਹਲਫੀਆਂ ਬਿਆਨ

ਮੈਂ ............................... ਪੁੱਤਰ / ਪੁੱਤਰੀ ਸ਼੍ਰੀ ....................... ਅਹੁੱਦਾ ................. ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ ਨੇ ਵਿਦੇਸ਼ ਜਾਣ ਦੀ ਇੱਛਾ ਦੇ ਫਲਸਰੂਪ ਨਵਾਂ ਪਾਸਪੋਰਟ ਬਣਾਉਣ/ ਰੀਨਿਊ ਕਰਵਾਉਣ ~~/ਵੀਜ਼ਾ/ਵਿਦੇਸ਼ ਛੁੱਟੀ ਲੈਣ~~ ਲਈ ਅਰਜ਼ੀ ਦੇਣੀ ਹੈ। ਇਸ ਮਨੋਰਥ ਲਈ ਮੈਨੂੰ ਇਤਰਾਜ਼ਹੀਣਤਾ ਸਰਟੀਫਿਕੇਟ/ ਵਿਦੇਸ਼ ਛੁੱਟੀ ਦੀ ਜ਼ਰੂਰਤ ਹੈ। ਇਸ ਸਬੰਧ ਵਿੱਚ ਹਲਫੀਆ ਬਿਆਨ ਕਰਦਾ ਹਾਂ ਕਿ:-

1. ਮੇਰੇ ਵਿਰੁੱਧ ਕੋਈ ਪੁਲਿਸ ਤਫਤੀਸ਼ ਜਾਂ ਅਦਾਲਤੀ ਕੇਸ ਨਹੀਂ ਚੱਲ ਰਿਹਾ ਅਤੇ ਨਾ ਹੀ ਅਜਿਹਾ ਕੋਈ ਕੇਸ ਚਲਾਏ ਜਾਣ ਦੀ ਸੰਭਾਵਨਾ ਹੈ।
2. ਮੇਰੇ ਵਿਰੁੱਧ ਕੋਈ ਅਜਿਹੇ ਤੱਥ ਨਹੀਂ ਹਨ, ਜਿਨ੍ਹਾਂ ਦੇ ਆਧਾਰ ਤੇ ਮੰਨਿਆ ਜ ਾ ਸਕੇ ਕਿ ਮੈਂ ਸਰਕਾਰ ਦੇ ਸੁਰੱਖਿਆ ਰਿਕਾਰਡ ਦੀ ਪ੍ਰਤੀਕੂਲ ਤੌਰ ਤੇ ਆ ਸਕਦਾ ਹਾਂ।
3. ਮੈਂ ਸਰਕਾਰੀ ਨੌਕਰੀ ਦਾ ਕੋਈ ਬਾਂਡ ਨਹੀਂ ਭਰਿਆ ਹੋਇਆ ਹੈ।
4. ਮੈਂ ਵਿਦੇਸ਼ ਜਾਣ ਤੋਂ ਪਹਿਲਾਂ ਵਿਦੇਸ਼ ਜਾਣ ਲਈ ਛੁੱਟੀ ਮੰਨਜ਼ੂਰ ਕਰਵਾ ਕੇ ਜਾਵਾਂਗਾ ।
5. ਵਿਦੇਸ਼ ਜਾਣ ਦੀ ਸੂਰਤ ਵਿੱਚ ਮੈਂ ਕਿਸੇ ਪ੍ਰਕਾਰ ਦੀ ਰਾਜਨੀਤਿਕ ਗਤੀ ਵਿਧੀ ਵਿੱਚ ਹਿੱਸਾ ਨਹੀਂ ਲਵਾਂਗਾ ਅਤੇ ਭਾਰਤ ਸਰਕਾਰ / ਰਾਜ ਸਰਕਾਰ ਵਿਰੁੱਧ ਐਸੀ ਕੋਈ ਕਾਰਵਾਈ ਨਹੀਂ ਕਰਾਂਗਾ, ਜਿਸ ਦਾ ਭਾਰਤ ਸਰਕਾਰ / ਰਾਜ ਸਰਕਾਰ ਤੇ ਮਾੜਾ ਅਸਰ ਪੈਂਦਾ ਹੋਵੇ।
6. ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਕਾਨ ਉਸਾਰੀ ਲਈ ਅਤੇ ਸਕੂਟਰ ਖ੍ਰੀਦਣ ਲਈ ਦਫਤਰ ਤੋਂ ਕਰਜਾ ਲਿਆ ਹੋਇਆ ਹੈ, ਜਿਸ / ਜਿਨ੍ਹਾਂ ਦੀ ਕਟੌਤੀ ਮੇਰੀ ਤਨਖਾਹ ਵਿੱਚੋਂ ਹੋ ਰਹੀ ਹੈ। ਮੈਂ ਇਹ ਵਿਵਰਣ ਦਿੰਦਾ ਹਾਂ ਕਿ ਮੈਂ ਮੌਜੂਦਾ ਕਰਜਾ ਅਤੇ ਭਵਿੱਖ ਵਿੱਚ ਜੇਕਰ ਕੋਈ ਕਰਜਾ ਲਵਾਂਗਾ ਤਾਂ ਉਸ ਦੀਅਦਾਇਗੀ ਮਿਥੀਆਂ ਸ਼ਰਤਾਂ ਅਨੁਸਾਰ ਕਰਵਾਉਣ ਦਾ ਯਕੀਨ ਦਿਵਾਉਂਦਾ ਹਾਂ। ਫਿਰ ਵੀ ਜੇਕਰ ਕਿਸੇ ਤਰ੍ਹਾਂ ਦੀ ਰਿਕਵਰੀ ਮੇਰੇ ਵਿਰੁੱਧ ਰਹਿ ਗਈ ਤਾਂ ਉਸਦੀ ਕਟੌਤੀ ਮੈਂ ਆਪਣੀ ਗਰੈਚੁਟੀ/ ਜੀ.ਪੀ.ਐਫ. ਵਿਚੋਂ ਕਰਵਾਉਣ ਲਈ ਵਾਅਦਾ ਕਰਦਾ ਹਾਂ।
7. ਉਪਰੋਕਤ ਅਨੁਸਾਰ ਮੇਰੇ ਵੱਲੋਂ ਕਾਰਵਾਈ ਨਾ ਕਰਨ / ਉਲੰਘਣਾ ਕਰਨ ਦੀ ਸੂਰਤ ਵਿੱਚ ਦਫਤਰ ਨੂੰ ਮੇਰੇ ਵਿਰੁੱਧ ਵਿਨਿਯਮਾਂ ਤਹਿਤ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

ਬਿਆਨ ਕਰਤਾ

ਵੈਰੀਫਿਕੇਸ਼ਨ:

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਬਿਆਨ ਸਹੀ ਅਤੇ ਦਰੁਸਤ ਹੈ ਅਤੇ ਮੇਰੇ ਵੱਲੋਂ ਕੁੱਝ ਵੀ ਛੁਪਾ ਕੇ ਨਹੀਂ ਰੱਖਿਆ ਗਿਆ।

ਬਿਆਨ ਕਰਤਾ